# ਭਾਰਤੀ ਸਮਾਜ ਵਿਚ ਇਸਤਰੀ ਦੀ ਅਵਸਥਾ ਉਪੱਰ ਇੱਕ ਝਾਤ

—ਅਵਤਾਰ ਉਪੱਲ (U.K)

"ਤੁਸੀਂ ਕਿਸੇ ਕੌਮ ਦੀ ਹਾਲਤ ਉਸ ਸਮਾਜ ਦੀ ਇਸਤਰੀ ਦੇ ਰੁਤਵੇ ਤੋਂ ਦੇਖਦਿਆਂ ਦੱਸ ਸਕਦੇ ਹੋ" ਇਹ ਭਾਰਤ ਦੇ ਪਹਿੱਲੇ ਪਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਜੀ ਨੇ ਕਿਤੇ ਆਖਿਆ ਸੀ। ਭਾਰਤੀ ਇਸਤਰੀ ਦੀ ਸਮਾਜਕ ਅਵਸਥਾ ਦੇ ਗੰਭੀਰ ਵਿਸ਼ੇ ਉੱਪਰ ਪਹਿਲਾਂ ਸਮਾਜ ਵਗਿਆਨੀਆਂ, ਚਿੰਤਕਾਂ ਵਲੋਂ ਬਹੁੱਤ ਕੁੱਝ ਲਿਖਿਆ ਬੋਲਿਆ ਜਾ ਚੁੱਕਾ ਹੈ। ਮੇਰੇ ਵਲੋਂ ਹੱਥਲੀ ਲਿਖਤ ਇਸ ਵਿਸ਼ੇ ਉੱਪਰ ਇੱਕ ਹਲਕੀ ਝਾਤ ਪਾਉਣ ਦਾ ਉਪਰਾਲਾ ਹੀ ਹੈ।

ਪੰਡਤ ਜਵਾਹਰ ਲਾਲ ਨਹਿਰੂ ਜੀ 1947 ਤੋਂ 1964,ਆਪਣੇ ਜੀਵਨ ਦੇ ਅੰਤਲੇ ਵ੍ਹਰੇ ਤੀਕ ਪਰਧਾਨ ਮੰਤਰੀ ਰਹੇ।ਉਨ੍ਹਾ ਦੇ ਆਪਣੇ ਜੀਵਨ ਕਾਲ ਅਤੇ ਉਨ੍ਹਾ ਪਿੱਛੋਂ ਆਏ ਹੋਰ ਪਰਧਾਨ ਮੰਤਰੀਆਂ ਦੀਆਂ ਸਰਕਾਰਾਂ ਨੇ, ਇਸਤਰੀ ਦੀ ਹਾਲਤ ਸੁਧਾਰਨ ਲਈ ਜੁੜੇ ਕਦਮ ਉਠਾਏ ਗਏ ਉਸ ਦਾ ਪਰਭਾਵ,'ਆਟੇ ਵਿਚ ਲੂਣ' ਜਿਹਾ ਸਾਬਤ ਹੋਇਆ ਹੈ। ਕਾਰਣ ਇਹ ਕਿ ਔਰਤ ਦੇ ਹੱਕਾਂ ਲਈ ਕਨੂੰਨ ਬਣਾਉਣ ਅਤੇ ਲਾਗੂ ਕਰਨ ਵਾਲਿਆਂ ,ਚ ਔਰਤਾਂ ਦੀ ਕੋਈ ਹਿੱਸੇਦਾਰੀ ਨਹੀ ਸੀ ਅਤੇ ਜਿਨ੍ਹਾ ਔਰਤਾਂ ਨੇ ਹਿੱਸਾ ਪਾਇਆ ਵੀ ਉਨ੍ਹਾ ਉਚ ਵਰਗ ਦੀਆਂ ਔਰਤਾਂ ਦਾ ਥੱਲੇ ਦੇ ਵਰਗ ਨਾਲ ਕੋਈ ਲੈਣ-ਦੇਣ ਨਹੀ ਸੀ। ਪਰਨਾਲੇ ਦਾ ਪਾਣੀ ਪੁਰਾਣੀ ਥਾਂਹ ਵਗਦਾ ਰਿਹਾ। ਅਜ਼ਾਦੀ ਤੋਂ 64 ਵ੍ਹਰੇ ਬਾਅਦ,ਪਿੱਛਲੇ ਸਾਲ 9 ਮਾਰਚ,ਅੰਤਰਰਾਸ਼ਟਰੀ ਇਸਤਰੀ ਦਿਵਸ ਤੋਂ ਇੱਕ ਦਿਨ ਬਾਅਦ ਰਾਜ ਸਭਾ ਵਿਚ ਔਰਤਾਂ ਬਾਰੇ ਪਾਰਲੀਮੈਂਟ ਅਤੇ ਅਸੰਬਲੀ ਲਈ , 33% ਰਾਖਵਾਂਕਰਨ ਦੀ ਪ੍ਰਾਪਤੀ, ਭਾਰਤ ਦੀ ਖੱਬੀ ਲਹਿਰ ਅਤੇ ਭਾਰਤੀ ਜਮਹੂਰੀ ਔਰਤ ਦੀ ਦਹਾਕਿਆਂ ਬੱਧੀ ਜੱਦੋਜੈਹਿਦ ਦਾ ਸਿੱਟਾ ਹੈ।(1) ਅਫਸੋਸ ਦੀ ਗੱਲ,ਕਿ ਇਹ ਬਿਲ ਵੀ ਓਦੋਂ ਪਾਸ ਹੋਇਆ ਜਦੋਂ ਭਾਰਤ ਦੀ ਮਹਾਨ,ਅਣਥੱਕ ਨਾਇਕਾ ਬਿਮਲਾ ਡਾਂਗ ਜੀ ਸਾਰੀ ਉਮਰ ਔਰਤਾਂ ਦੇ ਅਧਿਕਾਰਾਂ ਲਈ ਲੜਦਿਆਂ ਕੁੱਝ ਸਾਲ ਪਹਿਲਾਂ ਸਾਨੂੰ ਅਲਵਿਦਾ ਆਖ ਗਏ ਸਨ।

ਔਰਤ ਦੇ ਆਪਣੇ ਅਧਿਕਾਰਾਂ ਲਈ ਜਾਗਰਤ ਹੋਣ ਦੇ ਰਾਹ 'ਚ ਪੈਰ ਪੈਰ 'ਤੇ ਖੱਡੇ ਦਿਖਾਈ ਦਿੰਦੇ ਹਨ। ਸੱਭ ਤੋਂ ਵੱਡਾ ਖੱਡਾ ਤਾਂ ਵਿਦਿਆ ਦੀ ਅਣਹੋਂਦ ਹੀ ਆਖਣਾ ਚਾਹੀਦਾ ਹੈ ਪਰ ਇਸ ਦੇ ਨਾਲ ਹੋਰ ਵੀ ਬਹੁੱਤ ਕੁੱਝ ਜੁੜਿਆ ਪਿਆ ਹੈ। ਭਾਰਤੀ ਸਮਾਜ ਵਿਚ ਇਸਤਰੀ ਦੀ ਅਵਸਥਾ ਦੇ ਸੁਆਲ ਨੂੰ ਕਈ ਪਹਿਲੂਆਂ ਤੋਂ ਘੋਖਣ ਦੀ ਲੋੜ ਹੈ। ਸੱਭ ਤੋਂ ਪਹਿੱਲਾਂ ਤਾਂ ਇਹ ਦੇਖਣਾ ਚਾਹੀਦਾ ਹੈ ਕਿ ਸਮਾਜ ਦੇ ਕ੍ਹੇੜੇ ਵਰਗ ਨਾਲ ਧੱਕਾ ਹੁੰਦਾ ਆਇਆ ਹੈ, ਕ੍ਹੇੜਾ ਵਰਗ ਮੁਢਲੇ ਸਾਧਨਾ ਤੋਂ ਵਾਂਝਿਆ ਜਾ ਰਿਹਾ ਹੈ। ਆਜ਼ਾਦੀ ਤੋਂ ਪਹਿਲਾਂ ਅਤੇ ਅੱਜ ਵੀ ਭਾਰਤ ਵਿਚ ਉਤਲੇ ਵਰਗ ਦੀ ਨਾਰੀ ਨੇ ਸਾਧਨਾ ਦੀ ਔੜ ਨਹੀ ਝੱਲੀ, ਉਨ੍ਹੂੰ ਸੱਭ ਕੁਝ ਹਰਾ ਹਰਾ ਦਿਸਦਾ ਰਿਹਾ ਹੈ।ਮੁੰਬਈ ਦੀ ਪ੍ਰਿਯੰਕਾ ਚੋਪੜਾ ਅਤੇ ਕੈਟਰੀਨਾ ਕੈਫ ਜਿਹੀਆਂ ਅਭਿਨੇਤਰੀਆਂ ( ਇ੍ਹਨਾ ਦੀਆਂ ਕੋਠੀਆਂ 'ਚ ਪਤਾ ਨਹੀ ਕਿੱਨੇ ਕਰੋੜ ਧੱਨ ਦੱਬਿਆ ਪਿਆ ਹੋਵੇ) ਦਾ ਮੁਕਾਬਲਾ, ਆਪਣੇ ਜਿਸਮ 'ਚੋ ਖ਼ੂੰਨ ਦੀ ਬੋਤਲ ਬੇਚ ਕੇ ਆਟਾ ਖਰੀਦਣ ਵਾਲੀ ਜਾਂ ਫਿਰ ਪਿੱਠ ਪਿੱਛੇ ਬੱਚਾ ਬੰ੍ਨੀ ਸੜਕ ਉਪਰ ਰੋੜੀ ਕੁਟਦੀ ਨਾਰੀ ਨਾਲ ਨਹੀ ਕੀਤਾ ਜਾ ਸਕਦਾ। ਜਦੋਂ ਕਦੇ ਅਸੀਂ ਭਾਰਤੀ ਇਸਤਰੀ ਦੇ ਵੱਡੇ ਰੁਤਬੇ ਦੀ ਗੱਲ ਕਰਦੇ ਹਾਂ ਤਾਂ ਸਾਡੀ ਸਿੱਧੀ ਨਜ਼ਰ, ਇੰਦਰਾ ਗਾਂਧੀ, ਵਿਜਯ ਲੱਕਸ਼ਮੀ ਪਡਿਤ, ਕਿਰਨ ਬੇਦੀ, ਕਲਪਨਾ ਚਾਵਲਾ ਅਤੇ ਦੁਰਗਾ ਬੈਂਨਰ ਜੀ ਅਤੇ ਇਹੋ ਜਿਹੀਆਂ ਹੋਰ ਉਚ ਵਰਗ ਨਾਲ ਸਬੰਧਤ ਔਰਤਾਂ ਉਪਰ ਹੀ ਜਾਂਦੀ ਹੈ । ਅਸੀਂ ਕਦੇ ਇਹ ਜਾਨਣ ਦੀ ਕੋਸ਼ਿਸ਼ ਨਹੀ ਕਰਦੇ ਕਿ ਇ੍ਹਨਾ ਹਸਤੀਆਂ ਦੇ ਵੱਡੇ ਅਹੁਦਿਆਂ ਦੀ ਪ੍ਰਾਪਤੀ ਲਈ ਕਦੇ ਵੀ ਸਾਧਨਾ ਦੇ ਭੰਡਾਰ ਊਣੇ ਨਹੀ ਹੋਏ।

ਕਹਿਣ ਨੂੰ ਤਾਂ ਭਾਵੇਂ ਭਾਰਤੀ ਸੰਵਿਧਾਨ ਲੜਕਾ ਅਤੇ ਲੜਕੀ ਨੂੰ 14 ਸਾਲ ਦੀ ਉਮਰ ਤੀਕ ਮੁਢਲੀ ਵਿਦਿਆ ਦੀ ਗਰੰਟੀ ਦਿੰਦਾ ਹੈ, ਪਰ ਅਸਲੀ ਰੂਪ ਵਿਚ ਵੱਖਰੀ ਤਸਵੀਰ ਦਿਖਾਈ ਦਿੰਦੀ ਹੈ। ਹੇਠਲੇ ਸਿਰ ਦੇ ਵਰਗ ਦੇ ਪਰਿਵਾਰਾਂ ਦੀਆਂ ਲੜਕੀਆਂ ਨੂੰ ਮੰਦੀ ਆਰਥਕ ਕਾਰਣ ਮੁਡਲੀ ਵਿਦਿਆ ਵੀ ਨਸੀਬ ਨਹੀ ਹੁੰਦੀ। ਗੁਰਬਤ ਹੰਢਾਉਂਦੀਆ ਇਸ ਵਰਗ ਦੀਆਂ ਲੜਕੀਆਂ ਦੇ ਖੇਡਣ ਕੁੱਦਣ ਅਤੇ ਵਿਦਿਆ ਪ੍ਰਾਪਤ ਕਰਨ ਦੇ ਵ੍ਹਰੇ, ਧਨਾਡ ਪਰਿਵਾਰਾਂ ਦੇ ਘਰੀਂ ਭਾਂਡੇ ਮਾਂਜਦਿਆਂ ਅਤੇ ਪੋਚੇ ਫੇਰਦਿਆਂ ਬੀਤਦੇ ਹਨ। ਕੁੱਝ ਲੋਕ ਮਰਦ ਔਰਤ ਵਿਚਕਾਰਲੇ ਵਿਤਕਰੇ ਅਤੇ ਆਰਥਕ ਪਾੜੇ ਨੂੰ ਬਰਕਰਾਰ ਰੱਖਣ ਲਈ ਬੇਹੂਦਾ ਘਾੜਤਾਂ ਦਾ ਸਹਾਰਾ ਲੈਂਦੇ ਹਨ। ' ਦੇਖੋ ਜੀ ਕਦੇ ਪੰਜੇ ਉਂਗਲੀਆਂ ਇੱਕੋ ਜਿਹੀਆ ਨਹੀ ਹੁੰਦੀਆਂ' । ਜਾਂ ਫਿਰ 'ਅਮੀਰੀ ਗਰੀਬੀ ਤਾਂ ਜੀ ਬੰਦੇ ਦੀ ਆਪਣੀ ਤਕਦੀਰ ਹੁੰਦੀ ਆ'। ਲਿੰਗ ਵਿਤਕਰਾ ਅਤੇ ਆਰਥਕ ਨਾਬਰਾਬਰੀ(gender discrimination and economic disparity) ਪਿੱਛੇ ਕਿਸੇ,' ਦਾਤਾਂ ਬਖਸ਼ਣ ਵਾਲੇ' ਦਾ ਹੱਥ ਨਹੀ ਹੁੰਦਾ। ਸਗੋਂ ਇਹਦੀਆਂ ਜੜ੍ਹਾਂ ਉਸ ਸਮਾਜਕ ਢਾਂਚੇ ਵਿਚ ਹੀ ਧਸੀਆਂ ਹੁੰਦਆਂ ਹਨ,ਜਿਸ ਢਾਂਚੇ ਦਾ ਇੱਕ ਵਰਗ, ਮੁਢਲੇ ਸਾਧਨਾ ਦੀ ਅਣਹੋਂਦ ਕਾਰਣ ਪਸ਼ੂਆਂ ਜਿਹੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹੋ ਜਾਂਦਾ ਹੈ। " ਅਨਪ੍ਹੜ ਔਰਤ ਸਦਾ ਗੁਲਾਂਮ ਰਹੇ ਗੀ " ਪਾਸ਼ ਨੇ ਠੀਕ ਹੀ ਆਖਿਆ ਸੀ। ਓਹ ਸੰਵੇਦਨਸ਼ੀਲ ਪ੍ਰਗਤੀਵਾਦੀ ਕਵੀ ਹੋਣ ਦੇ ਨਾਲ ਨਾਲ ਔਰਤਾਂ ਦੇ ਅਧਿਕਾਰਾਂ ਲਈ ਪੂਰਾ ਸੁਚੇਤ ਸੀ। ਇਸਤਰੀ ਦੇ ਅਧਿਕਾਰਾਂ ਦੀ ਸਮਾਨਤਾ ਦਾ ਸੁਆਲ ਉਸ ਦੇਸ਼ ਦੇ ਸਮਾਜਕ ਢਾਂਚੇ ਦੀ ਤਬਦੀਲੀ 'ਤੇ ਨਿਰਭਰ ਕਰਦਾ ਹੈ। ਮਸਾਲ ਦੇ ਤੌਰ 'ਤੇ ਬਰਤਾਨੀਆਂ ਦੀ ਕਿਰਤੀ ਜਮਾਤ ਦੀ ਔਰਤ ਦਾ ਮੁਕਾਬਲਾ,ਭਾਰਤ ਦੀ ਕਿਰਤੀ ਜਮਾਤ ਦੀ ਔਰਤ ਨਾਲ ਕਰਦਿਆਂ ਸਦੀਆ ਦਾ ਫਰਕ ਦਿਸਣ ਲੱਗਦਾ ਹੈ।ਕਾਰਣ ਇਹ ਕਿ ਬਰਤਾਨਵੀ ਸੰਨਤੀ ਇਨਕਲਾਬ ਨਾਲ, ਬਰਤਾਨਵੀ ਔਰਤ ਘਰੋਂ ਬਾਹਰ ਜਾ ਕੇ ਫੈਕਟਰੀਆਂ 'ਚ ਕੰਮ ਕਰਨ ਲੱਗੀ।ਹਫਤੇ ਬਾਅਦ ਤਨਖਾਹ ਮਿਲਣ ਨਾਲ ਓਹ ਸਹਿਜੇ ਸਹਿਜੇ ਮਰਦ ਦੀ ਆਰਥਕ ਨਿਰਭਰਤਾ ਤੋਂ ਛੁਟਕਾਰਾ ਪਾ ਗਈ। ਔਰਤ ਦਾ ਮਰਦ ਦੀ ਆਰਥਕ ਨਿਰਭਰਤਾ ਤੋਂ ਮੁਕਤ ਹੋਣਾ, ਪਰਿਵਾਰ ਵਿਚ ਮਾਣ ਇੱਜ਼ਤ ਅਤੇ ਆਜ਼ਾਦ ਹੋਂਦ ਸਥਾਪਤ ਕਰਨ ਵਾਲਾ ਪਹਿਲਾ ਕਦਮ ਹੈ। ਏਥੇ ਇਹ ਕਹਿਣਾ ਵੀ ਉਚਿਤ ਹੋਵੇ ਗਾ ਕਿ ਅੱਜ ਕਲ ਬਰਤਾਨੀਆਂ 'ਚ ਵਸਦੀ ਭਾਰਤੀ ਮੂਲ ਦੀ ਔਰਤ, ਭਾਰਤ ਨਾਲੋਂ ਆਰਥਕ ਤੌਰ 'ਤੇ ਵੱਧ ਸੁਰੱਖਿਅਤ ਅਤੇ ਆਜ਼ਾਦ ਮਹਿਸੂਸ ਕਰਦੀ ਹੈ।

ਭਾਰਤੀ ਸਮਾਜ ਵਿਚ ਇਸਤਰੀ ਕਈ ਸਦੀਆਂ ਤੋਂ (patriarchal system ) ਪਿਤਾ ਪਰਧਾਨਗੀ ਦੀ ਜਕੜ 'ਚ ਦੱਬੀ-ਘੁੱਟੀ ਆ ਰਹੀ ਹੈ। ਪੁਰਾਤਨ ਇਤਿਹਾਸ ਦਾ ਆਰੀਆ ਸੱਭਿਆਚਾਰ ਪ੍ਹੜਦਿਆਂ ਪਿਤਾ ਪਰਧਾਨਗੀ ਦੀ ਸਥਾਪਤੀ ਦੇ ਸੰਕੇਤ ਸਾਫ ਦਿਖਾਈ ਦਿੰਦੇ ਹਨ। ਮਨੂ ਸਿਮਰਤੀ ਵਿਚ ਔਰਤ ਨੂੰ ਦਿਨ ਰਾਤ ਮਰਦ ਦੀ ਅਧੀਨਗੀ 'ਚ ਰਹਿਣ ਲਈ ਪਰੇਰਿਆ ਜਾਂਦਾ ਰਿਹਾ । ਲੜਕੀ ਦਾ ਬਚਪਨ ਬਾਪ ਦੀ ਅਧੀਨਗੀ, ਵਿਆਹ ਪਿੱਛੋ ਪਤੀ ਦੀ ਅਤੇ ਬੁਢਾਪਾ ਪੁੱਤਰ ਦੀ ਅਧੀਨਗੀ ਥੱਲੇ ਬੀਤ ਦਾ ਆਇਆ ਹੈ।ਟੱਬਰ ਜਿਸ ਨੂੰ ਆਰੀਆ ਸਮਾਜ ਵਿਚ (ਕੁੱਲਾ)ਆਖਿਆ ਜਾਂਦਾ ਸੀ ਅਤੇ ਟੱਬਰ ਦੇ ਵਡੇਰੀ ਉਮਰ ਦੇ ਮਰਦ ਨੂੰ (ਕੁੱਲਾਪਤੀ) ਆਖਿਆ ਜਾਂਦਾ ਸੀ। ਸਤੀ ਪਰੰਪਰਾ ਦੀਆਂ ਜੜ੍ਹਾਂ ਵੀ ਆਰੀਆ ਅਭਿਆਚਾਰ 'ਚ ਦਿਸਦੀਆਂ ਹਨ। ਪਤੀ ਦੀ ਮੌਤ ਪਿੱਛੋਂ ਬਲਦੀ ਚਿਖ਼ਾ 'ਚ ਔਰਤ ਦੇ ਆਪਾ-ਕੁਰਬਾਂਨ ਨੂੰ(ਸੂਤੀ) ਆਖਿਆ ਜਾਂਦਾ ਸੀ। ਰੁਮੀਲਾ ਥਾਪਰ ਦੇ ਵਿਚਾਰ ਅਨੁਸਾਰ ਸਤੀ ਪਰੰਪਰਾ ਦੀ ਬੁਨਿਆਦ ਸ਼ਾਇਦ ਸੁਤੀ ਤੋਂ ਹੀ ਬਣੀ ਹੋਵੇ(2)। ਕਿਸੇ ਯੁਗ ਦਾ ਸਾਹਿਤ, ਮਿਥਹਾਸਕ ਕਹਾਵਤਾਂ, ਮਨੋਰੰਜਨ ਦੇ ਨਾਲ ਨਾਲ ਰਚਣਹਾਰੇ ਦੀ ਜਮਾਤੀ ਵਫਾਦਾਰੀ ਵਲ ਇਸ਼ਾਰਾ ਕਰਨ ਤੋਂ ਲਾਂਭੇ ਨਹੀ ਰਹਿ ਸਕਦੀ।

'ਢੋਰ, ਗਵਾਰ, ਸ਼ੂਦਰ ਔਰ ਨਾਰੀ ਚਾਰੋਂ ਤਾੜਨ ਕੇ ਅਧਿਕਾਰੀ'

ਇਹੋ ਜਿਹਾ ਕੂੜਾ ਕਰਕਟ ਹੋਰ ਵੀ ਬਹੁੱਤ ਸਾਰੀਆਂ ਅਖਾਣਾ,ਕਹਾਵਤਾਂ 'ਚ ਢਕਿਆ ਪਿਆ ਹੈ। ਵਿਧਵਾ ਬਾਰੇ 'ਚਾਦਰ ਪਾਉਣ' ਦੀ ਪਰੰਪਰਾ ਸ਼ਾਇਦ ਪੰਜਾਬ ਤੋਂ ਬਾਹਰ ਹੋਰ ਸੂਬਿਆਂ ਵਿਚ ਵੀ ਪਰਚਲਤ ਹੋਈ ਹੋਵੇ।ਇੱਸ ਰੀਤ ਅਨੁਸਾਰ ਵਿਧਵਾ ਨੂੰ ਉਦੀ ਇਸ਼ਿਆ ਬਗੈਰ,ਉਦੇ ਦਿਉਰ ਜਾਂ ਜੇਠ ਨਾਲ ਨਰੜ ਕਰ ਦਿੱਤਾ ਜਾਂਦਾ ਰਿਹਾ ਹੈ, ਇਹ ਰੀਤ ਅੱਜ ਵੀ ਖ਼ਤਮ ਨਹੀ ਹੋਈ।

ਇਸ ਰਸਮ 'ਚ ਵਿਧਵਾ ਦਾ ਇਨਕਾਰੀ ਹੋਣਾ ਮੰਦਭਾਗਾ ਸਮਝਿਆ ਜਾਂਦਾ ਹੈ।ਵਿਤਕਰੇ ਦੀ ਘਿਨਾਉਣੀ ਗੱਲ ਇਹ ਹੈ ਕਿ ਪਤਨੀ ਦੀ ਮੌਤ ਪਿੱਛੋਂ ਪੁਰਾਣੇ ਸਮੇ ਤੋਂ ਅੱਜ ਤੀਕ,ਮਰਦ ਨੂੰ ਪਤਨੀ ਦੀ ਮੌਤ ਬਾਅਦ ਆਪਣੀ ਚੋਣ ਅਨੁਸਾਰ ਦੁਬਾਰਾ ਸ਼ਾਦੀ ਕਰਨ ਦੀ ਖੁਲ ਰਹੀ ਹੈ ਅਤੇ ਕਈ ਵੇਰੀ ਤਾਂ ਮਰਦਾਂ ਨੇ ਆਪਣੀਆਂ ਧੀਆਂ ਤੋਂ ਵੀ ਛੋਟੀਆਂ ਕੁੜੀਆਂ ਨਾਲ ਸ਼ਾਦੀ ਕਰਾਈ ਹੈ।ਹਾਂ,ਵਿਧਵਾ ਵਿਆਹ ਦੇ ਹੱਕ ਲਈ ਕੁੱਝ ਸੁਧਾਰਵਾਦੀਆਂ ਨੇ ਆਵਾਜ਼ ਉਠਾਈ ਸੀ।

ਸਤੀ,ਚਾਦਰ ਪਾਉਣ ਅਤੇ ਇਹੋ ਜਿਹੀਆ ਹੋਰ ਗ਼ੈਰ-ਇਨਸਾਨੀ ਪੁਰਾਣੀਆਂ ਪਿਛਾਕੜੀ ਰਹੁ-ਰੀਤਾਂ ਦੇ ਪ੍ਰਭਾਵ ਥੱਲੇ ਭਾਰਤੀ ਔਰਤ ਨਿਤਾਣੀ ਬੇਬਸ ਹੋ ਕੇ ਮਰਦ ਦੇ ਰਹਿਮ ਉੱਪਰ ਦਿਨਕਟੀ ਕਰਦੀ ਆਈ ਹੈ। 18ਵੀਂ ਸਦੀ ਦੇ ਅਖੀਰ, ਸਤੀ ਪ੍ਰਥਾ ਦੇ ਖਿਲਾਫ ਮੁਹਿਮ ਵ੍ਹਿਦਣ ਵਾਲਾ ਪਹਿਲਾ ਭਾਰਤੀ ਵਿਅੱਕਤੀ ਰਾਜਾਰਾਮ ਮੋਹਨ ਰਾਏ ਹੀ ਜਾਣਿਆ ਜਾਂਦਾ ਹੈ। 1829 ਬਰਤਾਨਵੀ ਰਾਜ ਸਮੇ ਲੋਰਡ ਵਿਲੀਅਮ ਬੈਂਟਿਕ ਨੇ ਸਤੀ ਬੈਨ ਕੀਤੀ ਸੀ। ਬਿਮਲਾ ਡਾਂਗ ਅਨੁਸਾਰ ਆਜ਼ਾਦੀ ਤੋਂ ਬਾਅਦ ਫਿਰ ਵੀ 1998 ਤੀਕ ਸਤੀ ਦੀਆਂ 40 ਦੇ ਕਰੀਬ ਘਟਨਾਵਾਂ ਦੱਸੀਆਂ ਗਈਆਂ ਹਨ(3)। ਸਤੀ ਪ੍ਰਥਾ ਦੀ ਰੋਕ ਲਈ ਕਮਿਸ਼ਨ ਭਾਵੇਂ1987 'ਚ ਸਥਾਪਤ ਹੋ ਚੁੱਕਿਆ ਸੀ। ਭਾਰਤ ਦੇ ਕੁੱਝ ਸੂਬਿਆਂ ਦੇ ਮੰਦਰਾਂ 'ਚ ਦੇਵਦਾਸੀਆ ਦੀ ਰੀਤ ਥੱਲੇ ਹਾਲੇ ਵੀ ਮਾਸੂੰਮ ਲੜਕੀਆਂ ਦਾ ਜਿਣਸੀ ਸ਼ੋਸ਼ਣ ਹੁੰਦਾ ਆਇਆ ਹੈ। ਇੱਕ ਤੋਂ ਵੱਧ ਔਰਤਾਂ ਰੱਖਣ ਦਾ ਰਿਵਾਜ਼ ਸਿਰਫ ਮੁਸਲੰਮ ਭਾਈਚਾਰੇ 'ਚ ਹੀ ਨਹੀ ਸਗੋਂ ਇੱਕ ਸਮੇਂ ਕਸ਼ੱਤਰੀ ਹਾਕਮਾਂ 'ਚ ਵੀ ਰਿਹਾ ਹੈ। ਰਜਵਾੜਾਸ਼ਾਹੀ ਦੌਰ ਵਿਚ ਔਰਤ ਮਨੋਰੰਜਨ ਦਾ ਸਾਧਨ ਬਣੀ ਰਹੀ, ਰਜਵਾੜਿਆਂ ਦੀਆ ਹਵੇਲੀਆਂ 'ਚ ਨਵਾਬਾਂ ਅੱਗੇ ਘੁੰਗਰੂ ਬੰਨ ਕੇ ਮੁਜਰਾ ਕਰਨ ਵਾਲੀ ਸੈ਼। ਡੂੰਮ-ਮਰਾਸੀ ਅਤੇ ਔਰਤ ਇੱਕੋ ਦਰਜੇ ਵਿਚ ਗਿਣੇ ਜਾਂਦੇ ਰਹੇ। ਉਸ ਦੌਰ ,ਚ ਔਰਤ ਦੀ ਮਹੱਤਤਾ ਕਿਸੇ ਨਵਾਬ,ਰਾਜਕੁਮਾਰ ਦੀ ਮਾਂ ਬਣਨ ਨਾਲ ਹੀ ਬਣਦੀ ਸੀ। ਫਿਲਮਕਾਰ ਗੁਰੂ ਦੱਤ ਨੇ ਆਪਣੀਆ ਕੁੱਝ ਫਿਲਮਾਂ ਵਿਚ ਰਜਵਾੜਾਸ਼ਾਹੀ ਦੌਰ ਦੀ ਵਧੀਆ ਤਸਵੀਰ ਪੇਸ਼ ਕੀਤੀ ਹੈ। ਨਵਾਬਾਂ ਦੀਆਂ ਰਖੇਲਾਂ, ਆਜ਼ਾਦ ਭਾਰਤ ਦੀਆਂ ਧੀਆਂ ਭੈਣਾ ਨੂੰ ਕੋਠਿਆਂ ਉੱਪਰ ਜਿਸਮ ਵੇਚਦੀਆਂ ਦਿਖਾਇਆ ਹੈ। ਸਾਹਿਰ ਲੁਧਿਆਣਵੀ ਦਾ ਪਿਆਸਾ ਫਿਲਮ ਲਈ ਲਿਖਿਆ 'ਜ਼ਿਨੇ ਨਾਜ਼ ਹੈ ਹਿੰਦ ਪਰ ਵੋਹ ਕਹਾਂ ਹੈ' ਗਾਣਾ ਬਹੁੱਤ ਮਸ਼ਹੂਰ ਹੋਇਆ ਸੀ।

ਲੜਕੀਆਂ ਦੇ ਜਨਮ ਦਾ ਬੋਝ,ਦਾਜ ਦਹੇਜ ਦੀ ਸਮੱਸਿਆ ਕਾਰਣ ਸਮਝਿਆ ਜਾਂਦਾ ਹੈ ਅਤੇ ਭਰੂਣ ਹੱਤਿਆ ਦਾ ਅਣਮਨੁਖੀ ਵਰਤਾਰਾ ਵੀ ਇਸ ਨਾਲ ਜੁੜਿਆ ਹੋਇਆ ਹੈ। ਕੁਝ ਲੋਕਾਂ ਨੂੰ ਇਹ ਕਹਿੰਦਿਆਂ ਸੁਣਿਆ ਹੈ ਕਿ ਪ੍ਹੜੇ ਲਿਖੇ ਪਰਿਵਾਰਾਂ ਵਿਚ ਦਾਜ ਦਹੇਜ ਦੀ ਸਮੱਸਿਆ ਘੱਟ ਹੈ। ਇਸ ਵਿਚਾਰ ਨਾਲ ਸਹਿਮਤ ਹੋਣਾ ਬੜਾ ਮੁਸ਼ਕਿਲ ਜਾਪਦਾ ਹੈ। 1997 ਦੀ ਰਿਪੋਰਟ ਅਨੁਸਾਰ ਹਰ ਸਾਲ ਘੱਟ ਤੋਂ ਘੱਟ 5000 ਔਰਤਾਂ ਦੀ ਮੌਤ ਦਾਜ ਦਹੇਜ ਨਾਲ ਸਬੰਧਤ ਅਤੇ ਘੱਟ ਤੋਂ ਘੱਟ ਇਕ ਦਿਨ ਵਿਚ 12 ਔਰਤਾਂ ਦੀਆਂ ਮੌਤਾਂ 'ਰਸੋਈ ਦਾ ਅੱਗ' ਨਾਲ ਹੁੰਦੀ ਦੱਸੀ ਗਈ ਹੈ(4)। ਵਿਆਹੀਆਂ ਲੜਕੀਆਂ ਦੀ 'ਰਸੋਈ ਦੀ ਅੱਗ' ਨਾਲ ਮੌਤ ਦਾ ਕਾਰਣ ਵੀ ਦਾਜ ਦਹੇਜ ਦੀ ਸਮੱਸਿਆ ਹੀ ਹੁੰਦੀ ਹੈ। ਪਤਾ ਨਹੀਂ ਭਾਰਤ ਵਿਚ ਹਰ ਰੋਜ਼ ਭਰੂਣ ਹੱਤਿਆ ਰਾਹੀਂ ਕਿਨੀਆਂ ਮਾਸੂਮ ਬੱਚੀਆਂ ਦਾ ਜੀਣ ਦਾ ਹੱਕ ਖ੍ਹੋਇਆ ਜਾਂਦਾ ਹੈ। ਦਾਜ ਦਹੇਜ ਦੀ ਰੋਕ ਦਾ ਕਾਨੂੰਨ ਭਾਵੇਂ 1961 'ਚ ਬਣ ਗਿਆ ਸੀ ਪਰ ਇਸ ਨਾਲ ਸਮੱਸਿਆ ਘਟੀ ਨਹੀਂ ਸਗੋਂ ਔਰਤਾਂ ਦੀ ਮੌਤ ਦਿਆਂ ਆਂਕੜਿਆਂ ਵਿਚ ਹੋਰ ਵਾਧਾ ਹੀ ਹੋਇਆ ਹੈ। ਹਾਂ, ਲੜਕੀ ਨੂੰ ਆਪਣਾ ਵਰ ਆਪ ਚੁਣਨ ਦੀ ਖੁੱਲ ਨਾਲ ਦਾਜ ਦਹੇਜ ਦੀ ਅਹੁਰ 'ਚ ਜ਼ਰੂਰ ਫਰਕ ਪਵੇਗਾ।

21ਵੀਂ ਸਦੀ 'ਚ ਵਸਦੀ ਹੇਠਲੇ ਵਰਗ ਦੀ ਦੱਖਣੀ ਏਸ਼ੀਅਨ ਔਰਤ, ਅੱਜ ਵੀ ਮੱਧਕਲੀਨ ਰਹੁ-ਰੀਤਾਂ ਦੇ ਭਾਰ ਥੱਲੇ ਕੁੱਚਲੀ ਜਾ ਰਹੀ ਹੈ। ਕਈ ਧਾਰਮਕ ਅਦਾਰੇ ਵੀ ਪੁਰਾਣੇ ਪ੍ਰਬੰਦ ਨੂੰ ਕਾਇਮ ਰੱਖਣ ਲਈ ਵਿੰਗੇ-ਟ੍ਰੇਡੇ ਢੰਗ ਨਾਲ ਆਪਣਾ ਆਪਣਾ ਹਿੱਸਾ ਪਾਉਂਦੇ ਹਨ। ਮੁਸਲੰਮ ਔਰਤ ਦੀ ਤਾਂ ਹੋਰ ਵੀ ਤਰਸਯੋਗ ਹਾਲਤ ਦਿਖਾਈ ਦਿੰਦੀ ਹੈ। ਮੂਲਵਾਦੀ ਮੁਲਾਣੇ ਔਰਤ ਦੇ ਮੁਢਲੇ ਅਧਿਕਾਰਾਂ 'ਤੇ ਦਾਬਾ ਪਾ ਕੇ ਉਸ ਨੂੰ ਸੱਤਿਆਹੀਣ ਜੀਵ ਬਣਾਉਣ ਦਾ ਯਤਨ ਕਰਦੇ ਹਨ। ਔਰਤ ਨੂੰ ਘਰੋਂ ਬਾਹਰ ਕੰਮ ਕਰਨ ਉੱਪਰ ਪਬੰਧੀ ਲੱਗਦੀ ਹੈ। ਰਾਜਨੀਤੀ 'ਚ ਹਿੱਸਾ ਲੈਣ ,ਫਿਲਮਾਂ ਅਤੇ ਇਹੋ ਜਿਹੇ ਹੋਰ ਖੇਤਰਾਂ ਵਿਚ ਹਿੱਸਾ ਲੈਣ ਦੀ ਸਖਤ

ਮਨਾਹੀ ਠੋਸੀ ਜਾਂਦੀ ਹੈ। ਪਰਦਾ ਰੀਤ ਦੀ ਉਲੰਘਣਾ ਕਰਨੀ ਆਸਾਨ ਨਹੀਂ ਸਮਝੀ ਜਾਂਦੀ। ਜਦੋਂ ਔਰਤਾਂ ਆਪਣੇ ਅਧਿਕਾਰਾਂ ਲਈ ਜਥੇਬੰਦ ਹੋਕੇ ਆਵਾਜ਼ ਉਠਾਉਣ ਤਾਂ ਮੂਲਵਾਦੀ 'ਇਸਲਾਮ ਨੂੰ ਖਤਰੇ' ਦੀ ਦੁਹਾਈ ਪਾਉਣ ਲੱਗ ਜਾਂਦੇ ਹਨ। ਉੱਪਰਲੇ ਬਿਆਨ ਦੀ ਪ੍ਰੋੜਤਾ ਲਈ ਮਸਾਲਾਂ ਤਾਂ ਬਹੁੱਤ ਹਨ ਪਰ ਇਥੇ ਸਿਰਫ ਦੋ ਘਟਨਾਵਾਂ ਦਾ ਜ਼ਿਕਰ ਕਰਨਾਂ ਜ਼ਰੂਰੀ ਸਮਝਦਾ ਹਾਂ। 2006 'ਚ ਇਮਰਾਨਾ ਨਾਅ ਦੀ ਮੁਸਲਮਾਨ ਔਰਤ ਨੂੰ ਉਸਦੇ ਸਹੁਰੇ ਨੇ ਬਲਾਤਕਾਰ ਕੀਤਾ।ਬਲਾਤਕਾਰ ਦਾ ਵਿਰੋਧ ਕਰਨ ਦੀ ਬਜਾਏ ਮੂਲਵਾਦੀ ਮੁਲਾਣਿਆਂ ਨੇ ਮੁਸਲਮ ਭਾਈਚਾਰੇ 'ਚ ਇਮਰਾਨਾ ਨੂੰ ਆਪਣੇ ਸਹੁਰੇ ਨਾਲ ਸ਼ਾਦੀ ਕਰਨ ਲਈ ਦਬਾਅ ਪਾਇਆ। ਇਲਾਕੇ ਦੇ ਲੋਕਾਂ ਵਲੋਂ ਬਲਾਤਕਾਰ ਦਾ ਸਖਤ ਵਿਰੋਧ ਕਰਨ ਪਿਛੋਂ ਇਮਰਾਨਾ ਦੇ ਸਹੁਰੇ ਨੂੰ 10 ਸਾਲ ਦੀ ਕੈਦ ਹੋਈ(5)। ਦੂਜੀ ਘਟਨਾ ਮੁਸਲਮਾਨ ਔਰਤ ਸ਼ਾਹਬਾਨੋ ਦੇ ਤਲਾਕ ਬਾਰੇ ਹੈ,ਜਿਸ ਦੀ ਭਾਰਤ ਵਿਚ ਬਹੁਤ ਚਰਚਾ ਹੋਈ। ਸ਼ਾਹਬਾਨੋ ਮਧਯ ਪ੍ਰਦੇਸ਼ ਦੀ ਇਕ ਬੁਢੀ ਔਰਤ ਨੂੰ ਉਸਦੇ ਪਤੀ ਨੇ ਤਲਾਕ ਦਿੱਤਾ ਸੀ। ਸ਼ਾਹਬਾਨੋ ਨੇ ਆਪਣੇ ਨਿਰਵਾਹ ਦੇ ਖਰਚ-ਪੱਠੇ ਲਈ ਕਾਨੂੰਨ ਦੀ 125 ਧਾਰਾ ਅਨੁਸਾਰ ਅਦਾਲਤ ਦਾ ਦਰਵਜ਼ਾ ਖੜਕਾਇਆ। ਲੰਬੇ ਅਰਸੇ ਬਾਅਦ 1986'ਚ ਹਾਈ ਕੋਰਟ ਨੇ ਸ਼ਾਹਬਾਨੋ ਦੇ ਹੱਕ ਵਿਚ ਫੈਸਲਾ ਸੁਣਾਇਆ(6)। ਭਾਰਤੀ ਮੂਲਵਾਦੀ ਮੁਲਾਣਿਆਂ ਨੇ 'ਇਸਲਾਮ ਖਤਰੇ' ਦੀ ਘੰਟੀ ਬਜਾ ਕੇ ਦੁਹਾਈ ਪਾਈ। ਭਾਰਤ ਵਿਚ ਲੱਖਾਂ ਮੁਸਲਮਾਨਾ ਨੂੰ ਜਥੇਬੰਦ ਕਰਕੇ ਹਾਈ ਕੋਰਟ ਦੇ ਫੈਸਲੇ ਦੇ ਖ਼ਿਲਾਫ ਸਖ਼ਤ ਵਿਰੋਧ ਕੀਤਾ।

ਸਿੱਖ ਪਰਿਵਾਰਾਂ ਦੇ ਵਿਆਹ ਸ਼ਾਦੀਆਂ ਵਿਚ ਅਨੰਦਕਾਰਜ ਸਮੇ ਲੜਕੀ ਦਾ ਬਾਪ, ਲੜਕੇ ਨੂੰ ਪੱਲਾ ਫੜਾਉਂਦਾ ਹੈ। ਇਹ ਰਿਵਾਜ਼ ਸ਼ਾਇਦ ਓਦੋਂ ਬਣਿਆ ਹੋਵੇ ਜਦੋਂ ਕਈ ਸਦੀਆਂ ਪਹਿਲਾਂ ਲੜਕੀ ਸਾਰੇ ਮੁਢਲੇ ਅਧਿਕਾਰਾਂ ਤੋਂ ਸੱਖਣੀ ਰਹਿੰਦੀ ਸੀ। ਜਾਇਦਾਦ ਦੇ ਸਾਰੇ ਹੱਕ ਹਕੂਕ ਅਤੇ ਵਿਦਿਆ ਤੋਂ ਵਾਂਝੀ ਰਹਿੰਦੀ ਸੀ। ਉਸ ਯੁਗ ਵਿਚ ਵਿਆਹ ਤੋਂ ਬਾਅਦ ਲੜਕੀ ' ਸਿਰ ਦੇ ਸਾਂਈਂ ' ਦੇ ਸਹਾਰੇ ਸਾਰੀ ਉਮਰ ਕੱਟਦੀ ਸੀ। ਓਹ ਸਮਾਂ ਉੱਕਾ ਪੁੱਕਾ ਮਰਦ ਪਰਧਾਨ ਸਮਾਜ ਸੀ। ਪਰ ਹੁਣ ਜਦੋਂ ਲੜਕੀਆਂ ਸਮਾਜ ਦੇ ਹਰ ਖੇਤਰ ਵਿਚ ਸ਼ਮੂਲੀਅਤ ਕਰਨ ਲਈ ਹੰਭਲਾ ਮਾਰਦੀਆ ਹਨ। ਜਾਇਦਾਦ ਅਤੇ ਕੰਮ-ਕਾਰ ਦੇ ਅਧਿਕਾਰਾਂ ਲਈ ਸੁਚੇਤ ਹੋ ਰਹੀਆਂ ਹਨ,ਫਿਰ ਕਿਉ ਅੱਖਾਂ ਮੀਟ ਕੇ (ਪੱਲੇ ਦੀ ਰਸਮ) ਲੜਕੀ ਨੂੰ ਮੁੰਡੇ ਪਿੱਛੇ ਨਰੜ ਕੀਤਾ ਜਾਂਦਾ ਹੈ?। ਬਹੁਤ ਸਾਰੀਆਂ ਸਮਾਜਕ ਕੁਰੀਤੀਆਂ ਦੇ ਵਿਰੋਧ ਨੂੰ,ਧਾਰਮਕ ਸੰਸਕਾਰਾਂ ਦੀ ਬੇਅਦਬੀ ਦਾ ਫਤਵਾ ਦਿੱਤਾ ਜਾਂਦਾ ਹੈ। ਫਤਵਾ ਦੇਣ ਵਾਲਿਆਂ 'ਚ ਕਈ ਸੱਜਣਾ ਦਾ ਇਸ ਨਾਲ 'ਤੋਰੀ ਫੁਲਕਾ' ਜੁੜਿਆ ਹੁੰਦਾ ਹੈ।

ਭਾਰਤ ਵਿੱਚ ਸਮੇਂ ਸਮੇਂ ਜਨ-ਹਤੈਸ਼ੀ ਅਤੇ ਸਮਾਨਤਾਵਾਦੀ ਹਸਤੀਆਂ ਪੈਦਾ ਹੋਈਆਂ ਹਨ। ਓੁਨਾ 'ਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦਾ ਨਾਮ ਸਾਰੇ ਭਾਰਤ ਵਿਚ ਬੜੇ ਆਦਰ ਸਤਿਕਾਰ ਨਾਲ ਲਿਆ ਜਾਂਦਾ ਹੈ।

ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ।।(473-8, ਆਸਾ,ਮ:1)

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।(473-9, ਆਸਾ, ਮ:1)

ਜਦੋਂ ਔਰਤ ਚਲਾਣਾ ਕਰ ਜਾਂਦੀ ਹੈ ਤਾਂ ਆਦਮੀਂ ਦੂਸਰੀ ਔਰਤ ਦੀ ਤਲਾਸ਼ ਕਰਦਾ ਹੈ ਅਤੇ ਓੁਦੇ ਨਾਲ ਆਪਣਾ ਜੀਵਨ ਗੁਜ਼ਾਰਦਾ ਹੈ। ਫਿਰ ਮਹਾਂ ਪੁਰਸ਼ਾਂ ਨੂੰ ਜਨਮ ਦੇਣ ਵਾਲੀ ਨੂੰ ਮੰਦਾ ਕਿਉ ਆਖਿਆ ਜਾਵੇ। ਤੇ ਇਸ ਤੋਂ ਅੱਗੇ ਤਾਂ ਗੁਰੂ ਜੀ ਨੇ ਸਿਰੇ ਦੀ ਹੀ ਆਖ ਦਿੱਤੀ।

ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।। (473-9, ਆਸਾ,ਮ:1)

ਔਰਤ ਤੋਂ ਔਰਤ ਜਨਮ ਲੈਂਦੀ ਹੈ ਅਤੇ ਔਰਤ ਬਿਨਾ ਕੋਈ ਪੈਦਾ ਹੀ ਨਹੀ ਹੋ ਸਕਦਾ।

18ਵੀਂ ਸਦੀ ਵਿਚ, ਸਤੀ ਖ਼ਿਲਾਫ ਮੁਹਿੰਮ ਵਿਢਣ ਅਤੇ ਲੜਕੀਆਂ ਦੀ ਪੜ੍ਹਾਈ ਲਈ ਕਦਮ ਚੁਕੱਣ ਵਾਲੇ ਰਾਜਾਰਾਮ ਮੋਹਨ ਰਾਏ,19ਵੀਂ ਸਦੀ 'ਚ ਪੂਨੇ ਵਿਚ ਲੜਕੀਆਂ ਦਾ ਪਹਿਲਾ ਸਕੂਲ ਖ੍ਹੋਲਣ ਵਾਲੇ ਮਹਾਤਮਾਂ ਜਿਓਤੀ ਰਾਓ ਫੂਲੇ ਅਤੇ ਬੰਗਾਲ ਦੇ ਇਸ਼ਵਰ ਚੰਦਰ, ਔਰਤਾਂ ਦੇ ਅਧਿਕਾਰਾਂ ਲਈ ਆਵਾਜ਼ ਬੁਲੰਦ ਕਰਨ ਵਾਲੇ ਵਰਨਣਯੋਗ ਨਾਅ ਸੁਣੇ ਜਾਂਦੇ ਹਨ।

ਇਤਿਹਾਸ ਦੇ ਹਰ ਯੁਗ ਵਿਚ ਸਮਾਜ ਦੀ ਰਾਜ ਕਰਦੀ ਜਮਾਤ, ਆਪਣੇ ਮੁਫਾਦ ਲਈ ਕੋਝੀਆਂ ਪਰੰਪਰਾਵਾਂ ਵਿਉਂਤਦੀ ਹੈ। ਹਰ ਪਰੰਪਰਾ ਦੀ ਤਾਸੀਰ ਸਮਾਜ ਦੇ ਸਾਰੇ ਵਰਗਾਂ ਦੇ ਰਾਸ ਨਹੀਂ ਆਉਂਦੀ। ਪੀੜਤ ਵਰਗ ਵਲੋਂ ਪਰੰਪਰਾਵਾਂ ਵਿਚ ਛੁਪੇ ਦਮਨ, ਅਤਿਆਚਾਰ ਦੇ ਸਖ਼ਤ ਵਿਰੋਧ ਨੂੰ,ਰਾਜ ਕਰਦੀ ਜਮਾਤ ਸਦਾ ਗੁਨਾਹ ਗਰਦਾਨਦੀ ਆਈ ਹੈ। ਜਿਹੜੀਆਂ ਪਰੰਪਰਾਵਾਂ ਇਨਸਾਨ ਦੇ ਪੈਰੀਂ ਬੇੜੀਆਂ ਸਾਬਤ ਹੁੰਦੀਆਂ ਹੋਂਣ, ਉਨ੍ਹਾ ਪਰੰਪਰਾਵਾਂ ਨੂੰ ਜੜੋਂ ਉਖੇੜਨ ਵਾਲੀ ਜੰਤਕ ਮੁਹਿੰਮ ਵਿਚ ਹਿੱਸਾ ਪਾਉਣ ਵਾਲੇ, 'ਗੁਨਾਹ' ਤੋਂ ਵਧੀਆ ਹੋਰ ਕੋਈ ਸਮਾਜ ਸੁਧਾਰ ਦਾ ਕੰਮ ਨਹੀਂ ਹੋ ਸਕਦਾ।

**References:**

1. "Rajya Sabha passes women's reservation bill"—The Hindu 10-3-2010.
2. Romila Thaper, "A History of India" first edition'The impact of Aryan culture' page 37,41
3. Vimla Dang " Feudal mindset still dogs women's struggle" TheTribune 19-6-1998.
4. "Kitchen Fires kill indian brides with inadequate dowry"July23 New Delhi,UPI.
5. "One World South Asia News: Imrana" 25-12-2006.
6. "The Muslim Women( Protection of Rights on Divorce) Act"